ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ-94- ਤਲਵੰਡੀ ਸਾਬੋ ਵਿਧਾਨ ਸਭਾ ਚੋਣ ਹਲਕਾ
-ਕਮ-ਉੱਪ ਮੰਡਲ ਮੈਜਿਸਟਰੇਟ, ਤਲਵੰਡੀ ਸਾਬੋ
OFFICE OF THE ELECTORAL REGISTRATION OFFICER-94-TALWANDI SABO(AC)
-CUM- SUB DIVISIONAL MAGISTRATE TALWANDI SABO
Contact No -01655-220241,292300 Email- ero94talwandisabo@gmail.com

Revised

ਵੱਲ,

ਸਮੂਹ ਨੋਡਲ , ਚੋਣ ਸਾਖਰਤਾ ਕਲੱਬ (ELCs),
ਵਿਧਾਨ ਸਭਾ ਹਲਕਾ.094-ਤਲਵੰਡੀ ਸਾਬੋ।

ਪੱਤਰ ਨੰ.7508/ਚੋਣ ਮਿਤੀ.13.11.2026

ਵਿਸ਼ਾ: ਚੋਣ ਸਾਖਰਤਾ ਕਲੱਬਾਂ (ELCs) ਰਾਹੀਂ ਨਿਬੰਧ ਲੇਖਣ (Essay Writing) ਅਤੇ ਕੁਇਜ਼ (Quiz) ਮੁਕਾਬਲੇ ਮਿਤੀ 17.11.2026 ਨੂੰ ਕਰਵਾਉਣ ਸਬੰਧੀ।

ਹਵਾਲਾ: ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦੇ ਪੱਤਰ ਨੰਬਰ: ਚੋਣ-2026/3193-94, ਮਿਤੀ 10/11/2026।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ (ECI) ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਕੂਲਾਂ ਵਿੱਚ ਸਥਾਪਤ ਚੋਣ ਸਾਖਰਤਾ ਕਲੱਬਾਂ (Electoral Literacy Clubs - ELCs) ਰਾਹੀਂ ਵਿਦਿਆਰਥੀਆਂ ਦੇ ਨਿਬੰਧ ਲੇਖਣ (Essay Writing) ਅਤੇ ਕੁਇਜ਼ (Quiz) ਮੁਕਾਬਲੇ **ਮਿਤੀ 11.11.2026 ਅਤੇ** 12.11.2026 ਨੂੰ ਸਕੂਲ ਪੱਧਰ ਤੇ ਕਰਵਾਏ ਜਾਣੇ ਹਨ ਅਤੇ ਇਸ ਤੋਂ ਬਾਅਦ AC ਪੱਧਰ ਤੇ ਇਹ ਮੁਕਾਬਲਾ **ਮਿਤੀ 17.11.2026 ਨੂੰ ਸਵੇਰੇ 10.00 ਵਜੇ ਅਲਟੀਪਰਪਜ਼ ਹਾਲ, ਸ੍ਰੀ ਦਸਮੇਸ਼ ਸੀਨੀ.ਸੈਕੰ. ਸਕੂਲ ਤਲਵੰਡੀ ਸਾਬੋ** ਵਿਖੇ ਕਰਵਾਇਆ ਜਾਣਾ ਹੈ। ਇਸ ਮੁਕਾਬਲੇ ਲਈ ਸਕੂਲ ਪੱਧਰ ਤੇ ਕਰਵਾਏ ਗਏ ਮੁਕਾਬਲਿਆਂ ਵਿਚੋਂ ਚੁਣੇ ਗਏ 2-2 ਵਿਦਿਆਰਥੀਆਂ ਦੀ ਲਿਸਟ ਬਣਾ ਕੇ ਮਿਤੀ 14.11.2026 ਨੂੰ ਸਮਾਂ ਸ਼ਾਮ 05.00 ਵਜੇ ਤੱਕ ਸ੍ਰੀ ਭਿੰਦਰ ਸਿੰਘ ਨੋਡਲ (ਮੋ.ਨੰ.88729-12537), ਸਵੀਪ ਟੀਮ ਪਾਸ ਭੇਜੀ ਜਾਵੇ ਅਤੇ ਮਿਤੀ 17.11.2026 ਨੂੰ ਸਵੇਰੇ 10.00 ਵਜੇ ਇਨ੍ਹਾਂ ਵਿਦਿਆਰਥੀਆਂ ਦੇ AC ਪੱਧਰੀ ਮੁਕਾਬਲੇ ਵਿਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

ਇਨ੍ਹਾਂ ਮੁਕਾਬਲਿਆਂ ਨੂੰ ਸੁਚਾਰੂ, ਪਾਰਦਰਸ਼ੀ ਅਤੇ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ (ਨਾਲ ਨੱਥੀ ਪੱਤਰ ਅਨੁਸਾਰ) ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ- ਪੱਤਰ

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
-ਕਮ-ਉੱਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਪਿੱਠ ਅੰਕਣ ਨੰ: ਚੋਣ-2026/7509-15 **ਮਿਤੀ: 13.11.2026**

ਉਪਰੋਕਤ ਦਾ ਇੱਕ ਉਤਾਰਾ -

1. **ਮਾਨਯੋਗ ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਪਾਸ ਸੂਚਨਾ ਹਿੱਤ।**
2. **ਨਾਇਬ ਤਹਿਸੀਲਦਾਰ, ਤਲਵੰਡੀ ਸਾਬੋ –ਕਮ-ਏ.ਈ.ਆਰ.ਓ । ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ।**
3. **ਬੀ.ਡੀ.ਪੀ.ਓ ਤਲਵੰਡੀ ਸਾਬੋ ਕਮ-ਏ.ਈ.ਆਰ.ਓ 2 ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।**
4. **ਪ੍ਰਿੰਸੀਪਲ, ਸ੍ਰੀ ਦਸਮੇਸ਼ ਸੀਨੀ. ਸੈਕੰ. ਸਕੂਲ, ਤਲਵੰਡੀ ਸਾਬੋ ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਥਾਨ ਪਰ ਸ੍ਰੀ ਭਿੰਦਰ ਸਿੰਘ (ਮੋ.ਨੰ.88729-12537) ਨੋਡਲ, ਸਵੀਪ ਟੀਮ ਨਾਲ ਤਾਲਮੇਲ ਕਰਕੇ ਲੋੜੀਦਾ ਪ੍ਰਬੰਧ ਕੀਤਾ ਜਾਵੇ।**
5. **ਸ੍ਰੀ ਭਿੰਦਰ ਸਿੰਘ , ਨੋਡਲ ਅਫ਼ਸਰ ਸਵੀਪ (SVEEP), 094-ਤਲਵੰਡੀ ਸਾਬੋ ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ। ਇਸ ਸਬੰਧੀ ਜਰੂਰਤ ਅਨੁਸਾਰ ਜਿਲ੍ਹਾ ਪੱਧਰੀ ਸਵੀਪ ਟੀਮ ਨਾਲ ਤਾਲਮੇਲ ਕੀਤਾ ਜਾਵੇ।**
6. **ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ), ਬਠਿੰਡਾ ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ।**
7. **ਡਾਇਰੈਕਟਰ/ਪ੍ਰਿੰਸੀਪਲ/ਇੰਚਾਰਜ, ਸਮੂਹ ਯੂਨੀਵਰਸਿਟੀਆਂ /ਕਾਲਜਾਂ, ਤਲਵੰਡੀ ਸਾਬੋ ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ।**

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
-ਕਮ-ਉੱਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1294 ਮਿਤੀ : 13-11-26

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

13/11/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with OKEN Scanner